# ਦਫਤਰ ਨਗਰ ਨਿਗਮ ਹੁਸ਼ਿਆਰਪੁਰ।
# ਪ੍ਰੈਸ ਨੋਟ

## ਮੁਹੱਲਾ ਫਤਿਹਗੜ੍ਹ ਵਿਖੇ 10 ਲੱਖ ਰੁਪਏ ਦੀ ਲਾਗਤ ਨਾਲ ਸਮਸ਼ਾਨਘਾਟ ਦੀ ਬਨਣ ਵਾਲੀ ਚਾਰਦੀਵਾਰੀ ਅਤੇ ਸ਼ੈਡ ਦੇ ਕੰਮ ਦੀ ਸੀਨਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਨੇ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 23 ਦਸੰਬਰ ਵਾਰਡ ਨੰ: 13 ਦੇ ਮੁਹੱਲਾ ਫਤਿਹਗੜ੍ਹ ਦੇ ਸਮਸ਼ਾਨਘਾਟ ਲਈ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਚਾਰਦੀਵਾਰੀ ਅਤੇ ਲੋਕਾਂ ਦੇ ਬੈਠਣ ਲਈ ਸ਼ੈਡ ਬਣਾਉਣ ਦੇ ਕੰਮ ਦੀ ਸ਼ੁਰੂਆਤ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਨੇ ਰੀਬਨ ਕੱਟ ਕੇ ਕੀਤੀ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ ਸਿੰਘ ਬਾਦਲ ਵੱਲੋਂ ਪਿਛਲੇ ਦਿਨੀ ਕੀਤੇ ਗਏ ਸੰਗਤ ਦੌਰਾਨ ਇਸ ਵਾਰਡ ਦੇ ਨਿਵਾਸੀਆਂ ਵਲੋਂ ਕੌਂਸਲਰ ਮੀਨੂੰ ਸੇਠੀ ਦੀ ਅਗਵਾਈ ਵਿੱਚ ਸਮਸ਼ਾਨ ਘਾਟ ਦੀ ਚਾਰਦੀਵਾਰੀ ਅਤੇ ਸ਼ੈਡ ਬਣਾਉਣ ਦੀ ਮੰਗ ਕੀਤੀ ਸੀ। ਜਿਸ ਲਈ 10 ਲੱਖ ਰੁਪਏ ਮੁੱਖ ਮੰਤਰੀ ਪੰਜਾਬ ਵੱਲੋਂ ਪ੍ਰਾਪਤ ਹੋਏ ਚੁੱਕੇ ਹਨ ਜਿਸ ਨਾਲ ਸਮਸ਼ਾਨ ਘਾਟ ਦੀ ਚਾਰਦੀਵਾਰੀ ਅਤੇ ਸ਼ੈਡ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਜਲਦੀ ਹੀ ਮਕੰਮਲ ਕਰ ਲਿਆ ਜਾਵੇਗਾ।

ਨਗਰ ਨਿਗਮ ਦੇ ਐਸ.ਡੀ.ਓ ਕੁਲਦੀਪ ਸਿੰਘ, ਜੇ.ਈ ਲਵਦੀਪ ਸਿੰਘ, ਕੌਂਸਲਰ ਨਿਪੁਨ ਸ਼ਰਮਾ, ਪ੍ਰੋਫੈਸਰ ਪ੍ਰਸ਼ਾਂਤ ਸੇਠੀ, ਵਿਜੇ ਸੇਠੀ, ਦਿਨੇਸ਼ ਸੈਣੀ, ਡਾ: ਐਸ.ਡੀ ਸੈਣੀ, ਬ੍ਰਿਜ ਮੋਹਨ, ਸ਼ਾਦੀ ਲਾਲ, ਮੰਗਤ ਰਾਏ, ਕੁਲਵਿੰਦਰ ਕੌਰ, ਬਲਵਿੰਦਰ ਕੌਰ, ਚੰਚਲਾ ਦੇਵੀ, ਵਰਿੰਦਰ ਕੌਰ, ਕਲਿਆਣਜੀਤ, ਸੁਧੀਰ, ਪਰਮਜੀਤ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।